# ਫ਼ੈਕਟ ਸ਼ੀਟ

ਸਤੰਬਰ 2011

## ਗਰੇਡ 8 ਦੀਆਂ ਲੜਕੀਆਂ ਲਈ ਹਿਊਮਨ ਪਾਪੀਲੋਮਾਵਾਇਰਸ [(ਐਚਪੀਵੀ) (HPV)] ਟੀਕਾ

(ਫ਼ੈਕਟ ਸ਼ੀਟ ਅਨੇਕਾਂ ਭਾਸ਼ਾਵਾਂ ਵਿੱਚ ਉਪਲਬਧ ਹੈ। http://www.toronto.ca/health/immunization_children/index.htm ਨੂੰ ਦੇਖੋ)

### ਹਿਊਮਨ ਪਾਪੀਲੋਮਾਵਾਇਰਸ (HPV) ਕੀ ਹੈ?

- HPV ਇੱਕ ਆਮ ਵਾਇਰਸ (ਵਿਸ਼ਾਣੂ) ਹੈ ਜੋ ਜਣਨ-ਅੰਗਾਂ ਦੇ ਮੱਸਿਆਂ (ਗੱਠਾਂ) ਅਤੇ ਬੱਚੇਦਾਨੀ ਦੇ ਮੂੰਹ, ਯੋਨੀ, ਯੋਨੀ-ਦੁਆਰ (ਯੋਨੀ ਦੇ ਆਲੇ ਦੁਆਲੇ ਦੇ ਹਿੱਸੇ), ਲਿੰਗ, ਗੁਦਾ, ਸਿਰ ਅਤੇ ਗਰਦਨ ਦੇ ਕੈਂਸਰ ਦਾ ਕਾਰਨ ਬਣ ਸਕਦਾ ਹੈ।

### HPV ਅਤੇ ਬੱਚੇਦਾਨੀ ਦੇ ਮੂੰਹ ਦੇ ਕੈਂਸਰ/ਜਣਨ ਅੰਗਾਂ ਦੇ ਮੱਸਿਆਂ ਦਰਮਿਆਨ ਕੀ ਸਬੰਧ ਹੈ?

- ਕੁਝ ਲੋਕਾਂ ਵਿੱਚ, HPV ਲਾਗ ਕੈਂਸਰ ਜਾਂ ਮੱਸਿਆਂ ਦਾ ਕਾਰਣ ਬਣ ਸਕਦੀ ਹੈ। ਕੈਨੇਡਾ ਵਿੱਚ HPV ਬੱਚੇਦਾਨੀ ਦੇ ਕੈਂਸਰ ਦੇ ਲਗਭਗ ਸਾਰੇ ਮਾਮਲਿਆਂ ਦਾ ਕਾਰਣ ਬਣਦਾ ਹੈ।
- ਕੈਨੇਡਾ ਵਿੱਚ HPV ਦੀਆਂ ਦੋ ਕਿਸਮਾਂ 70% ਤੋਂ ਵੱਧ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਬਣਦੀਆਂ ਹਨ ਅਤੇ ਦੂਜੀਆਂ ਦੋ ਕਿਸਮਾਂ ਵੱਧ ਜਣਨ-ਅੰਗਾਂ ਦੇ 90% ਤੋਂ ਮੱਸਿਆਂ ਦਾ ਕਾਰਣ ਬਣਦੀਆਂ ਹਨ।

### HPV ਕਿਵੇਂ ਫੈਲਦਾ ਹੈ?

- HPV ਲਾਗਗ੍ਰਸਤ ਸਾਥੀ ਨਾਲ ਨਜ਼ਦੀਕੀ ਜਿਨਸੀ ਗਤੀਵਿਧੀ ਦੌਰਾਨ ਚਮੜੀ ਦੇ ਚਮੜੀ ਨਾਲ ਸੰਪਰਕ ਰਾਹੀਂ ਸਭ ਤੋਂ ਆਮ ਤਰੀਕੇ ਨਾਲ ਫੈਲਦਾ ਹੈ।
- ਕੁਝ ਲੋਕਾਂ ਵਿੱਚ ਕਦੇ ਵੀ ਲੱਛਣ ਨਹੀਂ ਹੁੰਦੇ ਪਰ ਉਹਨਾਂ ਵਿੱਚ ਫੇਰ ਵੀ ਵਾਇਰਸ ਹੁੰਦਾ ਹੈ ਅਤੇ ਉਹ ਆਪਣੇ ਜਿਨਸੀ ਸਾਥੀ(ਆਂ) ਨੂੰ ਲਾਗ ਲਗਾ ਸਕਦੇ ਹਨ।

### HPV ਲਾਗ ਦੇ ਕਿਹੜੇ ਲੱਛਣ ਹਨ?

- ਜ਼ਿਆਦਾਤਰ HPV ਲਾਗਾਂ ਦੇ ਕੋਈ ਲੱਛਣ ਨਹੀਂ ਹੁੰਦੇ। ਸੰਪਰਕ ਤੋਂ ਮਹੀਨਿਆਂ ਮਗਰੋਂ ਲੱਛਣ ਪ੍ਰਗਟ ਹੋ ਸਕਦੇ ਹਨ।
- HPV ਕਾਰਣ ਹੋਏ ਜਣਨ-ਅੰਗਾਂ ਦੇ ਮੱਸੇ ਆਮ ਤੌਰ 'ਤੇ ਦਰਦ-ਰਹਿਤ ਹੁੰਦੇ ਹਨ ਪਰ ਖਾਰਸ਼ ਵਾਲੇ ਅਤੇ ਬੇਅਰਾਮੀ ਕਰਨ ਵਾਲੇ ਹੋ ਸਕਦੇ ਹਨ। ਮੱਸੇ ਛੋਟੇ ਹੋ ਸਕਦੇ ਹਨ ਅਤੇ ਅਕਸਰ ਉਹਨਾਂ ਦੀ ਦਿੱਖ ਫੁੱਲ-ਗੋਭੀ ਵਰਗੀ ਹੁੰਦੀ ਹੈ।
- ਔਰਤਾਂ ਵਿੱਚ, ਮੱਸੇ ਯੋਨੀ-ਦੁਆਰ (ਯੋਨੀ ਦੇ ਮੂਹਰਲੇ ਹਿੱਸਿਆਂ) ਉੱਤੇ, ਬੱਚੇਦਾਨੀ ਦੇ ਮੂੰਹ (ਬੱਚੇਦਾਨੀ ਦੇ ਦੁਆਰ) ਉੱਤੇ, ਗੁਦਾ, ਪੱਟਾਂ ਅਤੇ ਮੂੰਹ ਵਿੱਚ ਹੋ ਸਕਦੇ ਹਨ।
- ਮਰਦਾਂ ਵਿੱਚ, ਮੱਸੇ ਲਿੰਗ, ਪਤਾਲੂ, ਪੱਟਾਂ, ਗੁਦਾ, ਅਤੇ ਮੂੰਹ ਵਿੱਚ ਹੋ ਸਕਦੇ ਹਨ।

### HPV ਲਾਗਾਂ ਬਾਰੇ ਕਿਵੇਂ ਪਤਾ ਲਗਾਇਆ ਜਾਂਦਾ ਹੈ?

- ਔਰਤਾਂ ਵਿੱਚ, ਪੈਪ ਟੈਸਟ HPV ਲਾਗ ਕਾਰਨ ਬੱਚੇਦਾਨੀ ਦੇ ਮੂੰਹ ਵਿੱਚ ਆਈਆਂ ਤਬਦੀਲੀਆਂ ਬਾਰੇ ਪਤਾ ਲਗਾ ਸਕਦੇ ਹਨ। ਪੁਰਸ਼ਾਂ ਅਤੇ ਔਰਤਾਂ ਵਿੱਚ, ਮੱਸਿਆਂ ਦਾ ਪਤਾ ਚਮੜੀ ਅਤੇ ਜਣਨ-ਅੰਗਾਂ ਵਾਲੇ ਹਿੱਸੇ ਦਾ ਮੁਆਇਨਾ ਕਰਕੇ ਲਗਾਇਆ ਜਾ ਸਕਦਾ ਹੈ।

### ਕੀ HPV ਦਾ ਇਲਾਜ ਹੋ ਸਕਦਾ ਹੈ?

- ਸਿਹਤਮੰਦ ਲੋਕਾਂ ਵਿੱਚ, HPV ਦੀ ਲਾਗ ਕੈਂਸਰ ਵਿੱਚ ਤਬਦੀਲ ਹੋਣ ਦੇ ਬਗੈਰ ਆਮ ਤੌਰ 'ਤੇ ਆਪਣੇ ਆਪ ਖਤਮ (ਸਾਫ) ਹੋ ਜਾਂਦੀ ਹੈ।
- ਬੱਚੇਦਾਨੀ 'ਤੇ ਮੱਸੇ ਜਾਂ ਤਬਦੀਲੀਆਂ ਜੋ ਖਤਮ ਨਹੀਂ ਹੁੰਦੀਆਂ, ਉਹਨਾਂ ਦਾ ਇਲਾਜ ਰਸਾਇਣਕ ਤਿਆਰੀਆਂ, ਤਰਲ ਨਾਈਟ੍ਰੋਜਨ, ਲੇਜ਼ਰ ਜਾਂ ਸਰਜਰੀ ਦੁਆਰਾ ਹੋ ਸਕਦਾ ਹੈ। ਇਲਾਜ ਮੱਸੇ ਤਾਂ ਖਤਮ ਕਰ ਦੇਣਗੇ ਪਰ ਤੁਹਾਡੇ ਸਰੀਰ ਵਿੱਚੋਂ ਵਾਇਰਸ ਨੂੰ ਖਤਮ ਨਹੀਂ ਕਰ ਸਕਦੇ। ਮੱਸੇ ਮੁੜ ਤੋਂ ਹੋ ਸਕਦੇ ਹਨ ਕਿਉਂਕਿ HPV ਦਾ ਕੋਈ ਇਲਾਜ ਨਹੀਂ ਹੈ।
- HPV ਦਾ ਇਲਾਜ ਕਰਨ ਵਿੱਚ ਐਂਟੀਬਾਇਓਟਿਕਸ ਅਸਰਦਾਰ ਨਹੀਂ ਹੁੰਦੇ।

### ਮੈਂ HPV ਦੀ ਲਾਗ ਦੇ ਫੈਲਾਓ ਨੂੰ ਕਿਵੇਂ ਘਟਾ ਸਕਦਾ/ਸਕਦੀ ਹਾਂ?

- ਟੀਕਾ ਲਗਵਾਓ। ਗਰੇਡ 8 ਦੀਆਂ ਲੜਕੀਆਂ ਲਈ ਸਿਫਾਰਸ਼ ਕੀਤਾ ਟੀਕਾ HPV ਲਾਗ ਦੀਆਂ ਚਾਰ ਕਿਸਮਾਂ ਦੁਆਰਾ ਹੋਣ ਵਾਲੀ ਲਾਗ ਨੂੰ ਰੋਕਦਾ ਹੈ ਜੋ ਜ਼ਿਆਦਾਤਰ ਬੱਚੇਦਾਨੀ ਦੇ ਮੂੰਹ ਦੇ ਕੈਂਸਰਾਂ ਅਤੇ ਜਣਨ-ਅੰਗਾਂ ਦੇ ਮੱਸਿਆਂ ਦਾ ਕਾਰਣ ਬਣਦੀ ਹੈ।
- ਲਾਗਗ੍ਰਸਤ ਵਿਅਕਤੀ ਨਾਲ ਜਿਨਸੀ ਸੰਪਰਕ ਤੋਂ ਬਚੋ; ਚਮੜੀ ਦੇ ਚਮੜੀ ਨਾਲ ਨਜ਼ਦੀਕੀ ਸੰਪਰਕ ਦੌਰਾਨ HPV ਲਾਗ ਦਾ ਹਮੇਸ਼ਾ ਕੁਝ ਜੋਖਮ ਹੁੰਦਾ ਹੈ।

### ਕੀ HPV ਲਾਗ ਨੂੰ ਰੋਕਿਆ ਜਾ ਸਕਦਾ ਹੈ?

- ਹੁਣ ਗੈਰਡਾਸਿਲ® (Gardasil®) ਨਾਮਕ ਟੀਕਾ ਉਪਲਬਧ ਹੈ ਜੋ HPV ਦੀਆਂ ਚਾਰ ਕਿਸਮਾਂ ਵਿਰੁੱਧ ਲਾਗ ਨੂੰ ਰੋਕਦਾ ਹੈ ਜੋ ਜ਼ਿਆਦਾਤਰ ਜਣਨ ਅੰਗਾਂ ਦੇ ਮੱਸਿਆਂ ਅਤੇ ਬੱਚੇਦਾਨੀ ਦੇ ਮੂੰਹ ਦੇ ਕੈਂਸਰਾਂ ਦਾ ਕਾਰਨ ਬਣਦੀ ਹੈ।

## ਕੀ ਟੀਕਾ ਸੁਰੱਖਿਅਤ ਹੈ?

- ਹਾਂ, ਅਧਿਐਨ ਇਹ ਦਰਸਾਉਂਦੇ ਹਨ ਕਿ ਇਹ ਸੁਰੱਖਿਅਤ ਹੈ। ਕੈਨੇਡਾ ਸਮੇਤ ਉਹ ਦੇਸ਼, ਜਿੱਥੇ ਇਹ ਟੀਕਾ ਇਸਤੇਮਾਲ ਕੀਤਾ ਜਾਂਦਾ ਹੈ, ਇਸ ਦੀ ਸੁਰੱਖਿਆ ਲਈ ਨਿਰੰਤਰ ਨਿਰੀਖਣ ਕਰਦੇ ਹਨ। ਗੰਭੀਰ ਮਾੜੇ ਪ੍ਰਭਾਵ ਦੁਰਲੱਭ ਹਨ।

## ਗੈਰਡਾਸਿਲ® (Gardasil®) ਟੀਕਾ ਕਿਸ ਨੂੰ ਲਗਵਾਉਣਾ ਚਾਹੀਦਾ ਹੈ?

- ਗੈਰਡਾਸਿਲ® (Gardasil®) ਦੀ ਸਿਫਾਰਸ਼ 9 ਤੋਂ 26 ਸਾਲ ਦੀ ਉਮਰ ਦੀਆਂ ਲੜਕੀਆਂ ਲਈ ਕੀਤੀ ਜਾਂਦੀ ਹੈ। ਇਹ ਟੀਕਾ ਗਰੇਡ 8 ਦੀਆਂ ਲੜਕੀਆਂ ਲਈ ਮੁਫ਼ਤ ਹੈ।
- ਟੀਕਾ 9 ਤੋਂ 26 ਸਾਲ ਦੀ ਉਮਰ ਦੇ ਪੁਰਸ਼ਾਂ ਲਈ ਵੀ ਲਾਇਸੈਂਸਸ਼ੁਦਾ (ਪਰ ਜਨਤਕ ਫੰਡ ਵਾਲਾ ਨਹੀਂ) ਹੈ।
- ਟੀਕਾ ਸਭ ਤੋਂ ਵੱਧ ਅਸਰਦਾਰ ਹੁੰਦਾ ਹੈ ਜੇ ਇਸ ਨੂੰ ਕਿਸੇ ਵੀ ਤਰ੍ਹਾਂ ਦੇ ਜਿਨਸੀ ਸਬੰਧ ਤੋਂ ਪਹਿਲਾਂ ਲਗਾਇਆ ਜਾਂਦਾ ਹੈ।

## ਟੀਕੇ ਦੇ ਮਾੜੇ ਪ੍ਰਭਾਵ ਕੀ ਹਨ?

- ਸਭ ਤੋਂ ਆਮ ਮਾੜੇ ਪ੍ਰਭਾਵਾਂ ਵਿੱਚ ਟੀਕੇ ਵਾਲੀ ਥਾਂ 'ਤੇ ਦਰਦ, ਸੋਜਿਸ਼, ਖਾਰਸ਼ ਅਤੇ ਲਾਲੀ ਦਾ ਹੋਣਾ ਹੈ।
- ਸਿਰ ਦਰਦ, ਬੁਖਾਰ, ਜੀ ਕੱਚਾ ਹੋਣਾ ਅਤੇ ਚੱਕਰ ਆ ਸਕਦੇ ਹਨ। ਹੋਰ ਘੱਟ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ ਗਲੇ ਵਿੱਚ ਖਿਚਾਅ, ਉਲਟੀਆਂ ਅਤੇ ਦਸਤ ਲਗਣੇ, ਬਲੱਡ ਪ੍ਰੈਸ਼ਰ ਦਾ ਵਧਣਾ, ਯੋਨੀ ਵਿੱਚੋਂ ਖੂਨ ਦਾ ਵਹਾਓ ਅਤੇ ਜਿੱਥੇ ਟੀਕਾ ਲਗਾਇਆ ਜਾਂਦਾ ਹੈ ਉਸ ਬਾਂਹ ਦੀ ਹਿੱਲ-ਜੁਲ ਵਿੱਚ ਕਮੀ ਆਉਣੀ।
- ਤੀਬਰ ਅਲਰਜੀ ਦੀਆਂ (ਉਲਟ) ਪ੍ਰਤੀਕਿਰਿਆਵਾਂ ਬਹੁਤ ਘੱਟ ਹਨ। ਜੇ ਤੁਹਾਡੇ ਧੱਫੜ, ਸਾਹ ਲੈਣ ਸਮੇਂ ਅਵਾਜ਼, ਸਾਹ ਲੈਣ ਵਿੱਚ ਮੁਸ਼ਕਿਲ ਜਾਂ ਚਿਹਰੇ ਜਾਂ ਮੂੰਹ 'ਤੇ ਸੋਜਿਸ਼ ਹੁੰਦੀ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਲਵੋ।

## ਕਿਸ ਨੂੰ ਟੀਕਾ ਨਹੀਂ ਲਗਵਾਉਣਾ ਚਾਹੀਦਾ?

- ਕੋਈ ਵੀ ਵਿਅਕਤੀ ਜਿਸ ਨੂੰ ਗੈਰਡਾਸਿਲ® (Gardasil®) ਦੇ ਪਹਿਲੇ ਟੀਕੇ ਤੋਂ ਅਲਰਜੀ ਦੀ ਪ੍ਰਤੀਕਿਰਿਆ ਹੋਈ ਹੋਵੇ ਜਾਂ ਜਿਸ ਨੂੰ ਖਮੀਰ, ਐਲੂਮੀਨੀਅਮ, ਪੋਲੀਸੋਰਬੇਟ 80, ਜਾਂ ਐਲ-ਹਿਸਟੀਡਾਈਨ (L-histidine) ਜਾਂ ਸੋਡੀਅਮ ਬੋਰੇਟ ਤੋਂ ਅਲਰਜੀ ਹੈ ਉਸ ਨੂੰ ਟੀਕਾ ਨਹੀਂ ਲਗਵਾਉਣਾ ਚਾਹੀਦਾ।
- 9 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਅਤੇ ਗਰਭਵਤੀ ਔਰਤਾਂ ਵਿੱਚ ਟੀਕੇ ਨੂੰ ਚੰਗੀ ਤਰ੍ਹਾਂ ਨਾਲ ਨਹੀਂ ਪਰਖਿਆ ਗਿਆ ਹੈ।

## ਮੈਨੂੰ ਕਿੰਨੇ ਟੀਕੇ ਲਗਵਾਉਣ ਦੀ ਲੋੜ ਹੈ?

- ਅਧਿਐਨਾਂ ਨੇ ਦਰਸਾਇਆ ਹੈ ਕਿ ਤਿੰਨ ਟੀਕੇ ਘੱਟੋ-ਘੱਟ ਪੰਜ ਸਾਲਾਂ ਲਈ ਮੁਕੰਮਲ ਸੁਰੱਖਿਆ ਮੁਹੱਈਆ ਕਰਦੇ ਹਨ।
- ਟੀਕੇ ਛੇ ਮਹੀਨਿਆਂ ਦੀ ਮਿਆਦ ਅੰਦਰ ਲਗਾਉਣੇ ਹੁੰਦੇ ਹਨ।
- ਦੂਜਾ ਟੀਕਾ ਪਹਿਲੇ ਤੋਂ ਘੱਟੋ-ਘੱਟ ਇੱਕ ਮਹੀਨੇ ਬਾਅਦ ਲਗਾਇਆ ਜਾਂਦਾ ਹੈ ਅਤੇ ਤੀਜਾ ਟੀਕਾ ਪਹਿਲੇ ਟੀਕੇ ਤੋਂ ਬਾਅਦ ਆਮ ਤੌਰ 'ਤੇ ਛੇ ਮਹੀਨੇ ਮਗਰੋਂ ਲਗਾਇਆ ਜਾਂਦਾ ਹੈ।

## ਮੈਂ ਟੀਕਾ ਕਿਵੇਂ ਲਗਵਾ ਸਕਦਾ/ਸਕਦੀ ਹਾਂ?

- ਟੋਰਾਂਟੋ ਪਬਲਿਕ ਹੈਲਥ (Toronto Public Health) ਸਕੂਲ ਅਧਾਰਤ ਕਲਿਨਿਕਾਂ ਅਤੇ ਸਿਵਿਕ ਸੈਂਟਰਾਂ (ਸ਼ਹਿਰੀ ਕੇਂਦਰਾਂ) ਵਿਖੇ ਕਲਿਨਿਕਾਂ ਵਿੱਚ ਗਰੇਡ 8 ਦੀਆਂ ਲੜਕੀਆਂ ਲਈ ਮੁਫ਼ਤ HPV ਟੀਕੇ ਦੀ ਪੇਸ਼ਕਸ਼ ਕਰਦਾ ਹੈ।
- ਗਰੇਡ 9 ਦੀਆਂ ਲੜਕੀਆਂ, ਜਿਹਨਾਂ ਨੇ ਗਰੇਡ 8 ਵਿੱਚ ਘੱਟੋ-ਘੱਟ ਇੱਕ HPV ਟੀਕਾ ਲਗਵਾਇਆ ਸੀ, ਉਹ ਸਾਡੇ ਸਿਵਕ ਸੈਂਟਰ ਦੇ ਕਲਿਨਿਕਾਂ ਵਿਖੇ ਬਾਕੀ ਦੇ ਟੀਕੇ ਮੁਫ਼ਤ ਲਗਵਾ ਸਕਦੀਆਂ ਹਨ।
- ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਜੋ ਟੀਕਾ ਲਗਵਾਉਣਾ ਚਾਹੁੰਦਾ ਹੈ ਉਸ ਨੂੰ ਇਸ ਲਈ ਭੁਗਤਾਨ ਕਰਨਾ ਪੈਣਾ ਹੈ। ਤਿੰਨ ਟੀਕਿਆਂ ਲਈ ਕੁਲ ਖਰਚ ਲਗਭਗ $500 ਹੈ। ਹੋਰ ਜਾਣਕਾਰੀ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ। ਕੁਝ ਸਿਹਤ ਬੀਮਾ ਯੋਜਨਾਵਾਂ ਇਸ ਖਰਚ ਨੂੰ ਸ਼ਾਮਲ ਕਰਦੀਆਂ ਹਨ।

## ਕੀ ਉਹ ਔਰਤਾਂ ਜੋ ਟੀਕਾ ਲਗਵਾਉਂਦੀਆਂ ਹਨ, ਉਹਨਾਂ ਨੂੰ ਅਜੇ ਵੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਸਕਰੀਨ ਕਰਨ ਲਈ ਪੈਪ ਟੈਸਟਾਂ ਦੀ ਲੋੜ ਹੈ?

- ਹਾਂ। ਜਿਨਸੀ ਤੌਰ 'ਤੇ ਸਰਗਰਮ ਔਰਤਾਂ, ਜੋ ਟੀਕਾ ਲਗਵਾਉਂਦੀਆਂ ਹਨ, ਉਹਨਾਂ ਨੂੰ ਅਜੇ ਵੀ ਨਿਯਮਿਤ ਪੈਪ ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ।
- HPV ਟੀਕਾ HPV ਦੀਆਂ ਦੋ ਕਿਸਮਾਂ ਵਿਰੁੱਧ ਸੁਰੱਖਿਆ ਪ੍ਰਦਾਨ ਕਰਦਾ ਹੈ ਜੋ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਕਾਰਣ ਬਣ ਸਕਦੀਆਂ ਹਨ।
- ਉਹਨਾਂ ਔਰਤਾਂ, ਜਿਹਨਾਂ ਦੇ ਟੀਕਾਕਰਨ ਹੋਇਆ ਹੁੰਦਾ ਹੈ, ਨੂੰ ਅਜੇ ਵੀ ਕਿਸੇ ਹੋਰ ਦੁਰਲੱਭ HPV ਕਿਸਮ ਤੋਂ ਲਾਗ ਲਗਣ ਦੀ ਸੰਭਾਵਨਾ ਹੁੰਦੀ ਹੈ ਜੋ ਕੈਂਸਰ ਦਾ ਕਾਰਣ ਬਣ ਸਕਦੀ ਹੈ।

## ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

- ਆਪਣੇ ਡਾਕਟਰ ਜਾਂ ਸਿਹਤ ਦੇਖਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ, ਸਾਡੀ ਵੈਬਸਾਈਟ www.toronto.ca/health 'ਤੇ ਜਾਓ ਜਾਂ 416-392-1250 'ਤੇ ਟੋਰਾਂਟੋ ਪਬਲਿਕ ਹੈਲਥ ਇਮੂਨਾਈਜ਼ੇਸ਼ਨ ਇਨਫਾਰਮੇਸ਼ਨ ਲਾਈਨ ਨੂੰ ਕਾਲ ਕਰੋ।